ANNEXURE-1

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ-1 ਸਾਖਾ)

ਵਿਸ਼ਾ: ਰਾਜ ਦੇ ਸਰਕਾਰੀ ਵਿਭਾਗਾਂ ਅਤੇ ਉਹਨਾ ਦੇ ਅਧੀਨ ਆਉਂਦੇ ਬੋਰਡ/ਕਾਰਪੋਰਸਨ ਆਦਿ ਵਿੱਚ ਹੋਣ ਵਾਲੀ ਭਰਤੀ (ਕਾਮਨ ਕੈਟਾਗਿਰੀ) ਦੇ ਤਨਖਾਹ ਸਕੇਲ/ਪੇਅ ਮੈਟ੍ਰਿਕਸ ਦਰਸਾਉਣ ਸਬੰਧੀ।

****

ਪੰਜਵੇਂ ਪੰਜਾਬ ਤਨਖਾਹ ਕਮਿਸਨ ਦੀਆਂ ਸਿਫਾਰਸ਼ਾ ਅਨੁਸਾਰ ਹੇਠ ਲਿਖਿਆ ਕਾਮਨ ਕਾਡਰ ਦੀਆਂ ਆਸਾਮੀਆਂ ਨੂੰ ਮਿਤੀ 1.1.2006 ਤੋਂ ਦਿੱਤੇ ਗਏ ਤਨਖਾਹ ਸਕੇਲ, 7ਵੇਂ ਕੇਂਦਰੀ ਤਨਖਾਹ ਕਮਿਸਨ ਨੂੰ ਆਧਾਰ ਮੰਨਕੇ ਅਤੇ ਵਿੱਤ ਵਿਭਾਗ ਵੱਲੋਂ ਗਠਿਤ ਕਮੇਟੀ ਦੀਆ ਸਿਫਾਰਸ਼ਾਂ ਮੁਤਾਬਿਕ ਰਾਜ ਦੇ ਸਮੂਹ ਪ੍ਰਬੰਧਕੀ ਵਿਭਾਗਾਂ ਵਿਖੇ ਹੇਠ ਲਿਖਿਆ ਆਸਾਮੀਆਂ (ਸਟੇਟ ਇੰਮਲਾਇਮੇਟ ਪਲਾਨ 2020-2022 ਅਧੀਨ ਕੀਤੀ ਜਾਣੀ ਵਾਲੀ ਭਰਤੀ/ ਵਿੱਤ ਵਿਭਾਗ ਦੇ ਪੱਤਰ ਮਿਤੀ 17.7.2020 ਮੁਤਾਬਿਕ) ਨੂੰ ਤਨਖਾਹ ਸਕੇਲ ਦੇਣ ਸਬੰਧੀ ਹੇਠ ਲਿਖੇ ਟੇਬਲ ਦੇ ਕਾਲਮ ਨੰ: 4 ਅਨੁਸਾਰ ਸਲਾਹ ਦਿੱਤੀ ਜਾਂਦੀ ਹੈ:-

| ਲੜੀ ਨੰ | ਅਸਾਮੀ ਦਾ ਨਾਮ | ਤਨਖਾਹ ਸਕੇਲ 1.1.2006 ਮੁਤਾਬਿਕ | Minimum Pay Admissible as per 17.7.2020 |
|---|---|---|---|
| 1 | 2 | 3 | 4 |
| 1 | ਸੀਨੀਅਰ ਸਹਾਇਕ | 10300-34800+3800 | 35400 (Level 6) |
| 2 | ਸੀਨੀਅਰ ਸਕੇਲ ਸਟੈਨੋਗ੍ਰਾਫਰ | 10300-34800+3800 | 35400 (Level 6) |
| 3 | ਜੂਨੀਅਰ ਇੰਜੀਨੀਅਰ | 10300-34800+3800 | 35400 (Level 6) |
| 4. | ਡਰਾਫਟਸਮੈਨ | 10300-34800+3800 | 35400 (Level 6) |
| 5 | ਜੂਨੀਅਰ ਸਕੇਲ ਸਟੈਨੋਗ੍ਰਾਫਰ | 5910-20200+2800 | 29200 (Level 5) |
| 6 | ਜੂਨੀਅਰ ਡਰਾਫਟਸਮੈਨ | 5910-20200+2400 | 25500 (Level 4) |
| 7 | ਸਰਵੇਅਰ | 5910-20200+2400 | 25500 (Level 4) |
| 8 | ਸਟੈਨੋ ਟਾਇਪਿਸਟ | 5910-20200+2000 | 21700(Level 3) |
| 9 | ਕਲਰਕ | 5910-20200+1900 | 19900 (Level 2) |
| 10 | ਜੂਨੀਅਰ ਟੈਕਨੀਸੀਅਨ | 5910-20200+1900 | 19900 (Level 2) |

2. ਪੈਰ੍ਹਾ 1 ਅਨੁਸਾਰ ਸਲਾਹ ਪਹਿਲਾ ਹੀ ਕੁੱਝ ਪ੍ਰਬੰਧਕੀ ਵਿਭਾਗਾਂ ਨੂੰ ਵੱਖਰੇ ਤੌਰ ਤੇ ਭੇਜੀ ਜਾ ਚੁੱਕੀ ਹੈ। ਇਹ ਪੱਤਰ ਸਾਰੇ ਹੀ ਪ੍ਰਬੰਧਕੀ ਵਿਭਾਗਾਂ ਦੀ ਪ੍ਰਸ਼ਾਸਕੀ ਸਹੂਲਤ ਅਤੇ ਇਹਨਾ ਅਸਾਮੀਆਂ ਦੇ ਤਨਖਾਹ ਸਕੇਲਾਂ ਸਬੰਧੀ ਵਿੱਤ ਵਿਭਾਗ ਨਾਲ ਪੱਤਰ ਵਿਹਾਰ ਬਿਨਾ ਵਾਚਣ ਅਤੇ ਪਾਲਣਾ ਲਈ ਭੇਜਿਆ ਜਾ ਰਿਹਾ ਹੈ।

3. ਉਪਰੋਕਤ ਤੋਂ ਇਲਾਵਾ ਹੇਠ ਲਿਖੀਆਂ ਸ਼ਰਤਾਂ ਵੀ ਲਾਗੂ ਹੋਣਗੀਆਂ:-

i) ਵਿੱਤ ਵਿਭਾਗ ਦੀਆਂ ਹਦਾਇਤਾ ਨੰ: 7/204/2015-4ਐਫ.ਪੀ.1/60 ਮਿਤੀ 15.1.2015 ਅਤੇ ਨੰ: 7/204/2015-4ਐਫ.ਪੀ.1/853793 ਮਿਤੀ 4.10.2016 ਇੰਨ ਬਿੰਨ ਲਾਗੂ ਰਹਿਣਗੀਆਂ।

ii) ਮੁਢਲੀ ਤਨਖਾਹ ਤੋਂ ਇਲਾਵਾ ਇਸ ਸਕੇਲ ਦੇ ਸਨਮੁੱਖ ਹਰ ਤਰ੍ਹਾ ਦੇ ਭੱਤਿਆ ਬਾਰੇ ਫੈਸਲਾ ਬਾਅਦ ਵਿੱਚ ਕੀਤਾ ਜਾਵੇਗਾ।

iii) ਛੇਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਪ੍ਰਾਪਤ ਹੋਣ ਉਪਰੰਤ ਉਸਦੇ ਸਨਮੁੱਖ ਇਸ ਪੇਅ ਮੈਟ੍ਰਿਕਸ ਵਿੱਚ ਮੁੜ ਕੋਈ ਰਵੀਜ਼ਨ ਨਹੀਂ ਕੀਤੀ ਜਾਵੇਗੀ।

iv) ਇਹ ਪੇਅ ਮੈਟ੍ਰਿਕਸ ਕੇਵਲ prospective recruitment, ਜੋ ਵਿੱਤ ਵਿਭਾਗ ਦੀਆ ਹਦਾਇਤਾਂ ਮਿਤੀ 17.7.2020 ਦੇ ਸਨਮੁੱਖ ਕੀਤੀ ਜਾਣੀ ਹੈ, ਤੇ ਹੀ ਲਾਗੂ ਹੋਣਗੇ।

ਅਧੀਨ ਸਕੱਤਰ ਵਿੱਤ

ਸੇਵਾ ਵਿਖੇ,

ਸਮੂਹ ਪ੍ਰਬੰਧਕੀ ਸਕੱਤਰ,
ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 7/87/2020-5FP1/ 1145

ਮਿਤੀ,ਚੰਡੀਗੜ੍ਹ: 29-10-2020